# ਸਾਹਿਤ ਖੋਜ ਦੇ ਵਿਭਿੰਨ ਪੱਧਰ

ਡਾ.ਕੰਵਲਜੀਤ ਕੌਰ

ਆਦਿ ਕਾਲ ਤੋਂ ਵਰਤਮਾਨ ਤੱਕ ਦਾ ਵਿਕਾਸ ਮਨੁੱਖ ਦੀ ਜਗਿਆਸਾ ਬਿਰਤੀ ਅਤੇ ਬੁਨਿਆਦੀ ਜ਼ਰੂਰਤਾਂ ਦੀ ਪੂਰਤੀ ਕੀਤੀ ਗਏ ਪ੍ਰਯਤਨਾਂ ਦਾ ਸਿੱਟਾ ਹੈ। ਮਨੁੱਖ ਸਦਾ ਹੀ ਕੁੱਝ ਖੋਜਣ ਲਈ ਉਤਸੁਕ ਰਹਿੰਦਾ ਹੈ।ਇਸ ਕਰਕੇ ਖੋਜ ਦਾ ਆਰੰਭ ਮਾਨਵ ਜੀਵਨ ਦੇ ਆਰੰਭ ਨਾਲ ਹੀ ਸੰਬੰਧਿਤ ਕੀਤਾ ਜਾਂਦਾ ਹੈ।ਮਨੁੱਖ ਨੇ ਜਗਿਆਸਾ ਬਿਰਤੀ ਸਦਕਾ ਇੱਕ ਵਿਸ਼ਾਲ ਸਭਿਅਤਾ ਤੇ ਜਟਿਲ ਸਭਿਆਚਾਰ ਦੀ ਰਚਨਾ ਕਰ ਲਈ ਹੈ।ਬਚਪਨ ਤੋਂ ਹੀ ਮਨੁੱਖ ਕੀ ਅਤੇ ਕਿਉਂ ਦੇ ਪ੍ਰਸ਼ਨਾਂ ਦੇ ਉੱਤਰ ਮੰਗਦਾ ਹੈ।ਇਹਨਾਂ ਦੀ ਪ੍ਰਾਪਤੀ ਵਿੱਚ ਉਸ ਨੂੰ ਇੱਕ ਅਹਿਮ ਖੁਸ਼ੀ ਮਿਲਦੀ ਹੈ।ਮਨੁੱਖ ਨੇ ਸਭਿਅਤਾ ਤੇ ਸਭਿਆਚਾਰ ਦੇ ਵਿਕਾਸ ਵੱਲ ਵੀ ਪੜਾਅ ਤਹਿ ਕੀਤੇ ਹਨ ਤੇ ਜਿਨ੍ਹਾਂ ਵੀ ਨਵੀਨ ਤੱਥਾਂ ਦੀ ਈਜਾਦ ਤੇ ਪੁਰਾਣਿਆਂ ਦੀ ਭਾਲ ਕੀਤੀ ਹੈ, ਉਸ ਪਿੱਛੇ ਕਰਜਸ਼ੀਲ ਉਸਦੀ ਖੋਜ ਬਿਰਤੀ ਹੀ ਤੱਥ ਖੋਜਦਾ ਹੈ ਤਾਂ ਉਸ ਨੂੰ ਬੰਧਿਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ।ਇਹੋ ਜਿਹਾ ਅਨੰਦ ਹੀ ਆਦਿ ਕਾਲ ਵਿੱਚ ਇੱਕ ਸ਼ਿਕਾਰੀ ਨੂੰ ਸ਼ਿਕਾਰ ਲੱਭ ਕੇ ਹੁੰਦੀ ਹੈ।

ਇਸ ਪ੍ਰਕਾਰ ਖੋਜ ਦਾ ਸੰਕਲਪ ਇਸੇ ਪ੍ਰਕਿਰਤੀ ਆਵੱਸ਼ ਹੋਂਦ ਵਿੱਚ ਆਇਆ।ਸਾਹਿਤਕ ਖੋਜ ਦਾ ਸੰਕਲਪ ਇੱਕ ਸੁਚੇਤ ਪ੍ਰਾਪਤੀ ਦੇ ਰੂਪ ਵਿੱਚ ਕਾਫੀ ਸਮਾਂ ਬਾਅਦ ਹੋਂਦ ਵਿੱਚ ਆਇਆ ਹੈ।ਉਂਜ ਖੋਜ ਦਾ ਕਰਜ ਪੁਰਾਣੇ ਸਮੇਂ ਤੋਂ ਹੀ ਹੁੰਦਾ ਆਇਆ ਹੈ।ਹਰ ਯੁੱਗ ਵਿੱਚ ਨਵੇਂ ਤੱਥਾਂ ਦਾ ਆਵਿਸ਼ਕਾਰ ਜਾਂ ਨਵੇਂ ਵਿਚਾਰਾਂ ਦੀ ਲੱਭਤ ਭਾਵੇਂ ਨਹੀਂ ਹੁੰਦੀ ਪਰ ਪੁਰਾਣੇ ਵਿਚਾਰਾਂ ਨੂੰ ਨਵਾਂ ਮੋੜ ਦੇਣ ਤੇ ਅਗਿਆਤ ਨੂੰ ਗਿਆਤ ਕਰਨ ਦਾ ਕਾਰਜ ਨਿਰੰਤਰ ਹੁੰਦਾ ਰਹਿੰਦਾ ਹੈ।

ਪੰਜਾਬੀ ਦਾ ਖੋਜ ਸ਼ਬਦ ਮੂਲ ਰੂਪ ਵਿੱਚ ਮਨੁੱਖਾਂ ਜਾਂ ਡੰਗਰਾਂ ਦੀ ਪੈੜ ਦੇ ਅਰਥਾ ਵਿੱਚ ਹੀ ਵਰਤਿਆ ਜਾਂਦਾ ਰਿਹਾ ਹੈ।ਹਰ ਉਹ ਜੀਵ ਜੋ ਧਰਤੀ' ਤੇ ਚਲਦਾ ਹੈ, ਆਪਣੇ ਪਿੱਛੇ ਆਪਣੇ ਕਦਮਾਂ ਦੀ ਪੈੜ ਜਾਂ ਨਿਸ਼ਾਨ ਛੱਡਦਾ ਜਾਂਦਾ ਹੈ, ਜੋ ਵੱਖ-ਵੱਖ ਤਰ੍ਹਾਂ ਦੇ ਹੁੰਦੇ ਹਨ।ਕੁੱਝ ਵਿਅਕਤੀ ਇਹ ਵੱਖ-ਵੱਖ ਨਿਸ਼ਾਨ ਆਪਣੀ ਸੁਚੇਤ ਬੁੱਧੀ ਤੇ ਘੋਖਵੀ ਨੀਝ ਕਾਰਣ ਪਛਾਣ ਲੈਂਦੇ ਹਨ।ਇਸ ਤਰ੍ਹਾਂ ਖੁਰੇ ਜਾਂ ਨਿਸ਼ਾਨ ਪਹਿਚਾਨਣ ਵਾਲਿਆਂ ਦਾ ਇੱਕ ਵੱਖਰਾ ਕਿਤਾ ਹੋਂਦ ਵਿੱਚ ਆਉਂਦਾ ਹੈ।ਇਹ ਕੰਮ ਕਰਨ ਵਾਲਿਆ ਨੂੰ ਖੋਜੀ ਕਿਹਾ ਜਾਂਦਾ ਹੈ।ਇਸ ਤਰ੍ਹਾਂ ਪਸ਼ੂਆਂ ਦੀ ਲੱਭਤ ਤੋਂ ਅਗਾਂਹ ਇਹ ਪੂੰਜੀ, ਚਲ ਸੰਪਤੀ, ਸਭਿਅਤਾ, ਦਰਸ਼ਨ, ਇਤਿਹਾਸ, ਸਾਹਿਤ ਆਦਿ ਖੇਤਰਾਂ ਵਿੱਚ ਲਾਗੂ ਹੁੰਦਾ ਹੋਇਆ 'ਖੋਜ' ਸ਼ਬਦ ਸਮੁੱਚੇ ਗਿਆਨ ਖੇਤਰ ਉੱਤੇ ਪਸਰ ਗਿਆ।ਖੋਜ ਦੀ ਮਹੱਤਤਾ ਦੱਸਦਿਆਂ ਇੰਜ ਕਿਹਾ ਹੈ:

> ਸਾਹਿਤਿਕ ਜਗਤ ਵਿੱਚ ਹੀ ਨਹੀਂ ਸਗੋਂ ਮਨੁੱਖੀ ਜਗਤ ਨਾਲ ਸੰਬੰਧਿਤ
> ਹਰਖੇਤਰ ਵਿੱਚ ਹੀ 'ਖੋਜ' ਸ਼ਬਦ ਆਪਣੀ ਵਿਸ਼ੇਸ਼ ਮਹੱਤਤਾ ਰੱਖਦਾ ਹੈ।
> ਮਨੁੱਖ ਨਵੀਆਂ ਚੀਜ਼ਾਂ ਦਾ ਗਿਆਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ।
> ਉਸ ਦੀਇਹ ਕੋਸ਼ਿਸ਼ ਤੇ ਇੱਛਾ ਅਨੇਕ ਜਾਂਡਾਂ ਨੂੰ ਜਨਮ ਦਿੰਦੀ ਹੈ।

ਖੋਜ ਅਗਿਆਤ ਤੋਂ ਗਿਆਤ ਦਾ ਸਫ਼ਰ ਕਰਦਿਆਂ ਸੱਚ ਦੀ ਪ੍ਰਾਪਤੀ ਤੱਕ ਪਹੁੰਚਣਾ ਹੈ।ਪੰਜਾਬੀ ਸਾਹਿਤ ਖੋਜ ਦੇ ਖੇਤਰ ਵਿੱਚ 'ਖੋਜ' ਸ਼ਬਦ ਦਾ ਪ੍ਰਯੋਗ ਅੰਗਰੇਜ਼ੀ ਪਦ ( research ) ਦੇ ਅਰਥਾਂ ਵਿੱਚ ਹੀ ਕੀਤਾ ਜਾਂਦਾ ਹੈ।Research ਸ਼ਬਦ ਫਰਾਂਸੀਸੀ ਭਾਸ਼ਾ ਦੀ ਕਿਰਿਆ ਸਰਕੀਚਰ ( cerchier ) ਤੋਂ ਬਣਿਜਝਆ ਹੈ।ਜਿਸ ਦਾ ਅਰਥ ਹੈ, ਤਲਾਸ਼ ਕਰਨੀ।ਭਾਈ ਜ਼ਮੀਨ ਪੁਰ ਚਿਨ੍ਹੰ, ਮਾਰਗ, ਜਸਤਾ, ਚਰਣ ਆਦਿ ਦੱਸਿਆ ਹੈ।ਇਸ ਤਰ੍ਹਾਂ ਕਾਨ੍ਹ ਸਿੰਘ ਨਾਭਾ ਦੁਆਰਾ ਕਿੱਤਾ ਕੋਸ਼ਗਤ ਅਰਥ ਖੋਜ ਦੇ ਮੁੱਢਲੇ ਸੰਕਲਪ ਵੱਲ ਇਸ਼ਾਰਾ ਕਰਦਾ ਹੈ।Re-search ਸ਼ਬਦ ਦੋ ਸ਼ਬਦਾਂ Re ਤੇ search ਤੋਂ ਮਿਲ ਕੇ ਬਣਿਆ ਹੈ। Re ਦਾ ਅਰਥ ਹੈ ਬਾਰ-ਬਾਰ ਜਾਂ ਦੁਬਾਰਾ ਗੰਭੀਰ ਘੋਖਣੀ ਅਤੇ search ਦਾ ਅਰਥ ਹੈ,ਭਾਲ, ਲੱਭਤ।ਇਸ ਤਰ੍ਹਾਂ ਖੋਜ ਦਾ ਅਰਥ ਦੁਬਾਰਾ ਲੱਭਣਾ ਜਾਂ ਗੰਭੀਰ ਖੋਜ ਦੁਆਰਾ ਸੱਚਾਈ ਜਾਂ ਯਕੀਨ ਦੀ ਪੱਧਰ ਤੱਕ ਪਹੁੰਚਣਾ।ਇਸ ਤਰ੍ਹਾਂ ਖੋਜ ਅਧੀਨ ਦੋ ਪ੍ਰਕਿਰਿਆਵਾਂ ਨਾਲੋ-ਨਾਲ ਚੱਲਦੀਆਂ ਹਨ।

1. ਵੱਖ-ਵੱਖ ਸੋਮਿਆਂ ਤੋਂ ਵੱਖ-ਵੱਖ ਢੰਗਾਂ ਰਾਂਹੀ ਖੋਜ -ਸਾਮੱਗ੍ਰੀ ਝਾਂ ਅਧਿਐਨ ਵਸਤੂ ਦਾ ਸੰਕਲਨ।
2. ਕੁੱਝ ਨਵੀਨ ਦੀ ਪ੍ਰਾਪਤੀ ਲਈ ਅਧਿਐਨ ਵਸਤੂ ਜਾਂ ਇਕਤ੍ਰਿਤ ਸਮੱਗ੍ਰੀ ਦੀ ਘੋਖਵੀਂ ਛਾਂਣਬੀਣ।

ਐਨਸਾਈਕੋਪੀਡੀਆ ਆਫ ਸੋਸ਼ਲ ਸਾਇੰਸਜ਼ ਵਿੱਚ ਖੋਜ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਗਿਆ ਹੈ:

ਖੋਜ ਵਸਤਾਂ ਦੀ ਕੁਸ਼ਲਤਾ ਭਰਪੂਰ ਵਰਤੋਂ, ਜਿਸ ਤਰ੍ਹਾਂ ਵਿਚਾਰਾਂ ਨੂੰ ਚਿੰਨ੍ਹਾਂ ਦੇ ਤੌਰ ਤੇ ਵਰਤਦੇ ਹਨ, ਤਾਂ ਕਿ ਉਹ ਵਿਆਪਕ ਪੱਧਰ ਤੇ ਫੈਲ ਸਕਣ।ਜਿਹਨਾਂ ਤੋਂ ਗਿਆਨ ਦੀ ਪ੍ਰੜਤਾ ਹੁੰਦੀ ਹੋਵੇ।ਚਾਹੇ ਉਹ ਗਿਆਨ ਕਿਸੇ ਸਿਧਾਂਤਕ ਬਣਤਰ ਦਾ ਕੰਮ ਦਿੰਦਾ ਹੋਵੇ ਜਾਂ ਕਿਸੇ ਕਲਾ ਦੀ ਵਿਹਰਕ ਵਰਤੋਂ ਲਈ ਪ੍ਰਚਲਤ ਹੋਵੇ।[2]

ਹਿੰਦੀ ਅਤੇ ਕੁੱਝ ਹੋਰ ਭਾਰਤੀ ਭਾਸ਼ਾਵਾਂ ਵਿੱਚ ਖੋਜ ਦਤ ਅਰਥ-ਵਿਕਾਸ ਉੱਪਰਲੀਆ ਲੀਹਾਂ ਤੇ ਹੀ ਉੱਭਰਿਆ ਹੈ।ਹਿੰਦੀ ਵਿੱਚ 'ਸ਼ੋਧ' , 'ਅਨੁਸੰਧਾਨ' , ਸੰਸਕ੍ਰਿਤ ਵਿੱਚ 'ਗਵੇਸ਼ਣਾ' ਉਰਦੂ ਫਾਰਸੀ ਵਿੱਚ 'ਤਹਿਕੀਕ' ਇਹਨਾਂ ਅਰਥਾਂ ਵਿੱਚ ਵਰਤੇ ਜਾਂਦੇ ਸ਼ਬਦ ਹਨ।

ਖੋਜ ਬਾਰੇ ਉਪਰੋਕਤ ਸਾਰੀ ਚਰਚਾ ਤੋਂ ਜਿਹੜੀ ਗੱਲ ਸਪੱਸ਼ਟ ਹੁੰਦੀ ਹੈ, ਉਹ ਇਹ ਹੈ ਕਿ ਖੋਜ ਗਿਆਨ ਪ੍ਰਾਪਤੀ ਦੀ ਉਹ ਕਿਰਿਆ ਹੈ ਜੋ ਤੱਥਾਂ ਦੀ ਭਾਲ ਤੇ ਉਹਨਾਂ ਦਾ ਵਿਸ਼ਲੇਸ਼ਣ ਕਰਕੇ ਅੰਤਿਮ ਸੱਚਾਈ ਦੀ ਪ੍ਰਾਪਤੀ ਕਰਵਾਉਂਦੀ ਹੈ।ਸਾਹਿਤਕ ਖੋਜ ਅਨੁਪਲਭਧ ਤੱਥਾਂ ਦੀ ਭਾਲ, ਪ੍ਰਾਪਤ ਤੱਥਾਂ ਦੀ ਨਵੀਨ ਵਿਆਖਿਆ ਹੈ।

ਖੋਜ ਤੱਥਾਂ ਦਾ ਅਣਪਰਖਿਆ, ਅਣਮਾਣਿਆ ਢੇਰ ਨਹੀਂ, ਸਗੋਂ ਚੱਬ, ਚਿੱਥ ਕੇ ਪਚਾਣ ਯੋਗ ਕੀਤਾ

ਨਿਤਾਰਿਆ ਸਾਰ ਹੈ।[3]

ਇਸ ਤਰ੍ਹਾਂ ਖੋਜ ਨਿਜਰਖ ਪਰਖ ਕੇ ਸਿੱਟੇ ਤੇ ਪਹੁੰਚਣਾ ਹੈ।

ਤੱਥਾਂ ਦੇ ਵਿਸ਼ਲੇਸ਼ਣ ਮਾਰਗ ਤੋਂ ਲੰਘ ਕੇ ਸੱਚ ਤੱਕ ਪਹੁੰਚਣਾ, ਖੋਜ ਦਾ ਵਾਸਤਵਿਕ ਕਰਜ ਹੈ।[4]

ਖੋਜ ਇੱਕ ਜਟਿਲ ਪ੍ਰਕਿਰਿਆ ਹੈ।ਭਾਵੇਂ ਕਿ ਆਦਿ ਕਾਲ ਤੋਂ ਹੀ ਵਰਤਮਾਨ ਤੱਕ ਖੋਜ ਦਾ ਬੜਾ ਮਹੱਤਵ ਹੈ ਪਰ ਇੰਨੀ ਮਹੱਤਤਾ ਹੋਣ ਦੇ ਬਾਵਜੂਦ ਵੀ ਪੰਜਾਬੀ ਖੋਜ ਕਾਰਜ ਵੱਲ ਵਿਸ਼ੇਸ਼ ਧਿਆਨ ਨਹੀਂ ਦਿੱਤਾ ਗਿਆ।ਬੇਸ਼ਕ ਇਹ ਕੰਮ ਆਰੰਭ ਹੋਇਆਂ ਨੂੰ ਲਗਭਗ ਅੱਧੀ ਸਦੀ ਤੋਂ ਉੱਪਰ ਸਮਾਂ ਹੋ ਗਿਆ ਹੈ ਪਰ ਸੰਜੀਦਗੀ ਨਾਲ ਇਹ ਕੰਮ ਅਜੇ ਤੱਕ ਨਹੀ ਹੋਇਆ।ਜੋ ਕੰਮ ਹੋਇਆ ਹੈ ਉਹ ਮੁੱਢਲੀ ਕਿਸਮ ਦਾ ਹੀ ਹੈ।ਪੰਜਾਬੀ ਵਿੱਚ ਜਿਆਦਾ ਖੋਜ ਕਾਰਜ ਉਪਾਧੀ-ਸਾਪੇਖ ਹੋ ਰਿਹਾ ਹੈ, ਜਿਸ ਨੂੰ ਉਪਾਧੀ-ਨਿਰਪੇਖ ਹੋਣ ਦੀ ਜ਼ਰੂਰਤ ਹੈ।ਉਪਾਧੀ-ਸਾਪੇਖ ਕਾਰਜ ਭਾਵੇਂ ਪ੍ਰੋ. ਗੁਰਮੁਕ ਸਿੰਘ, ਭਾਈ ਵੀਰ ਸਿੰਘ, ਬਾਵਾ ਬੁੱਧ ਸਿੰਘ, ਮੌਲਾ ਬਖਸ਼ ਕੁਸ਼ਤਾ ਆਦਿ ਨਾਲ ਹੋ ਚੁੱਕਾ ਸੀ ਪਰ ਉਪਾਧੀ-ਸਾਪੇਖ ਖੋਜ ਦਾ ਮੁੱਢ ਡਾ. ਬਨਾਰਸੀ ਦਾਸ ਜੈਨ ਦੇ ਸ਼ੋਧ ਪ੍ਰਬੰਧ ਨਾਲ ਬੱਝਾ। ਯੂਨੀਵਰਸਿਟੀਆਂ ਵੱਲੋਂ ਕੁੱਝ ਉਪਾਧੀਆਂ ਲਈ ਡਿਗਰੀਆਂ ਨਿਸ਼ਚਿਤ ਕਰ ਦਿੱਤੀਆਂ ਗਈਆਂ।ਇਹਨਾਂ ਡਿਗਰੀਆਂ ਦੇ ਅਧਾਰ ਤੇ ਖੋਜ ਦੇ ਪੱਧਰ ਬਣਾਏ ਗਏ ਹਨ।ਡਿਗਰੀਆਂ ਦੀ ਖਿੱਚ ਕਾਰਣ ਖੋਜਾਰਥੀ ਦੀ ਬਿਰਰਤੀ ਉਪਾਧੀ-ਸਾਪੇਖ ਜ਼ਿਆਦਾ ਹੋ ਗਈ।ਇਸ ਕਾਰਨ ਖੋਜ ਕਾਰਜ ਕਾਹਲ ਵਿੱਚ ਖਤਮ ਕਰ ਦਿੱਤਾ ਜਾਂਦਾ ਹੈ ਜੋ ਸਾਹਿਤ ਨੂੰ ਕੋਈ ਚੰਗੀ ਸੇਧ ਨਹੀਂ ਦੇ ਸਕਦਾ। ਇਸੇ ਕਾਰਣ ਹੀ ਖੋਜ ਕਾਰਜ ਵਿੱਚ ਵਿਗਿਆਨਿਕ ਬਿਰਤੀ ਦੀ ਵੀ ਘਾਟ ਹੈ।ਮੋਟੇ ਤੌਰ ਤੇ ਪੰਜਾਬੀ ਵਿੱਚ ਖੋਜ ਦੇ ਪੱਧਰਾਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ:

ੳ. ਉਪਾਧੀ ਨਿਰਪੇਖ ਖੋਜ।

ਅ. ਉਪਾਧੀ ਸਾਪੇਖ ਖੋਜ।

ੳ. ਉਪਾਧੀ ਨਿਰਪੇਖ ਅਜਿਹੀ ਪੱਧਰ ਦਾ ਖੋਜ ਕਾਰਜ ਹੈ ਜਿਸ ਵਿੱਚ ਖੋਜਾਕਰਤੀ ਕੋਈ ਡਿਗਰੀ ਲੈਣ ਖਾਤਰ ਖੋਜ ਨਹੀਂ ਕਰਦਾ , ਨਾ ਹੀ ਉਸ ਨੇ ਰਸਮੀਂ ਯੋਗਤਾ ਹੀ ਹਾਸਿਲ ਕੀਤੀ ਹੁੰਦੀ ਹੈ।ਜਿਵੇਂ ਪੋਸਟ ਗਰੈਜੂਏਟ ਪੱਧਰ ਤੇ ਐਮ.ਏ.ਭਾਗ ਪਹਿਲਾ ਵਿੱਚੋਂ 55% ਨੰਬਰ ਲੈਣੇ ਜ਼ਰੂਰੀ ਹਨ, ਪਰ ਉਪਾਧੀ ਨਿਰਪੇਖ ਖੋਜਾਰਥੀਆਂ ਨੂੰ ਨਾ ਕਿਸੇ ਅਗਵਾਈ ਦੀ ਲੋੜ ਹੈ ਅਤੇ ਨਾ ਹੀ ਕਿਸੇ ਖੋਜ ਰੀਤ ਨੂੰ ਨਿਭਾਉਣ ਦੀ।ਅਜਿਹੀ ਖੋਜਾਰਥੀ ਸਗੋਂ ਉਪਾਧੀ ਸਾਪੇਖ ਖੋਜਾਰਥੀ ਦੇ ਹੱਡਾਂ ਵਿੱਚ ਖੋਜ ਦਾ ਝੱਸ ਘਲਿਆ ਹੁੰਦਾ ਹੈ। ਗੁਰਮੁਖ ਸਿੰਘ, ਭਾਈ ਵੀਰ ਸਿੰਘ, ਬਾਵਾ ਬੁੱਖ ਸਿੰਘ, ਗਿਆਨੀ ਸ਼ਮਅੇਰ ਸਿੰਘ ਅਸ਼ੋਕ, ਭਾਈ ਰਣਧੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਵਿਦਵਾਨਾਂ ਦੇ ਕੰਮ ਨੂੰ ਇਸੇ ਵਰਗ ਵਿੱਚ ਰੱਖਿਆ ਜਾ ਸਕਦਾ ਹੈ।

ਅ. 1960 ਤੋਂ ਪਹਿਲਾ ਸਾਧਾਰਣ ਐਮ.ਏ. ਨੂੰ ਹੀ ਕਾਲਜ ਅਧਿਆਪਕ ਦੀ ਪਦਵੀ ਮਿਲ ਜਾਂਦੀ ਸੀ।ਪਰ ਜਿਉਂ-ਜਿਉਂ ਇਹ ਗਿਣਤੀ ਵਧਦੀ ਗਈ ਤੇ ਕਾਲਜਾਂ ਵਿੱਚ ਇਹਨਾਂ ਦੀ ਸਮਾਈ ਮੁਸ਼ਕਲ ਹੋ ਗਈ ਤਾਂ ਉਚੇਰੀ ਯੋਗਤਾ ਭਾਵ ਡਿਗਰੀ ਦੀ ਲੋੜ ਮਹਿਸੂਸ ਹੋਈ।ਇਸ ਡਿਗਰੀ ਪ੍ਰਾਪਤੀ ਦੀ ਖਿੱਚ ਕਾਰਣ ਖੋਜ ਦਾ ਕਾਰਜ ਬੜੀ ਤੇਜ਼ੀ ਨਾਲ ਹੋਣ ਲੱਗਾ।ਦੂਸਰਾ ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਸਾਲ ਬਾਅਦ ਲਈ ਗਈ ਪਰੀਖਿਆ ਪਰੀਖਿਆਰਥੀ ਦੀ ਯੋਗਤਾ ਨੂੰ ਪਰਖਣ ਦਾ ਠੀਕ ਮਿਆਰ ਨਹੀਂ।ਇਸ ਕਰਕੇ ਸਾਲ ਵਿੱਚ ਮਿਥੇ ਸਮੇਂ ਮਗਰੋਂ ਵਿਦਿਆਰਥੀਆਂ ਕੋਲੋਂ ਸਿੱਖਿਆ ਦੇ ਪੱਧਰਾਂ ਮੁਤਾਬਿਕ ਲੇਖ, ਖੋਜ ਪੱਤਰ, ਸੈਮੀਨਾਰ, ਟਰਮ ਪੇਪਰ, ਖੋਜ ਨਿਬੰਧ ਅਤੇ ਖੋਜ ਪ੍ਰਬੰਧ ਲਿਖਵਾਏ ਜਾਣ ਲੱਗ ਪਏ।ਇਸ ਤਰ੍ਹਾਂ ਵੱਖ-ਵੱਖ ਡਿਗਰੀਆਂ ਨਿਯਤ ਕੀਤੀਆਂ ਗਈਆਂ।ਇਸ ਤਰ੍ਹਾਂ ਕੀਤਾ ਖੋਜ ਕਾਰਜ ਉਪਾਧੀ-ਸਾਪੇਖ ਖੋਜ ਕਾਰਜ ਹੈ।

ਉਪਾਧੀ-ਸਾਪੇਖ ਖੋਜ ਨੂੰ ਅੱਗੋਂ ਤਿੰਨ ਪੱਧਰਾਂ ਵਿੱਚ ਵੰਡਿਆ ਜਾ ਸਕਦਾ ਹੈ:

ੳ. ਪਰੀ-ਪੀ.ਐਚ.ਡੀ.ਪੱਧਰ।

ਅ. ਪੀਐਚ.ਡੀ.ਪੱਧਰ।

**ੳ. ਪਰੀ-ਪੀ.ਐਚ.ਡੀ.ਪੱਧਰ**

1. ਗਰੈਜੂਏਟ ਡਿਗਰੀ ਦੇ ਭਾਗ ਵੱਜੋਂ
2. ਐਮ.ਏ. ਵਿੱਚ ਸੈਮੀਨਾਰਾਂ ਲਈ ਲਿਖੇ ਖੋਜ ਪੱਤਰ
3. ਐਮ.ਏ. ਫਾਈਨਲ ਵਿੱਚ ਲਿਖਿਆਂ ਖੋਜ ਨਿਬੰਧ
4. ਐਮ.ਲਿਟ/ਐਮ.ਫਿਲ ਲਈ ਲਿਖਿਆ ਖੋਜ-ਨਿਬੰਧ,ਟਰਮ ਪੇਪਰ,ਟਾਸਕ ਪੇਪਰ

**ਅ. ਪੀ.ਐਚ.ਡੀ.ਲਈ ਲਿਖਿਆ ਖੋਜ ਪ੍ਰਬੰਧ**

**ੲ. ਪੋਸਟ ਪੀ.ਐਚ.ਡੀ.ਪੱਧਰ**

1. ਡੀ. ਲਿਟ ਲਈ ਲਿਖਿਆ ਖੋਜ ਪ੍ਰਬੰਧ

ਗਰੈਜੂਏਟ ਪੱਧਰ ਦਾ ਖੋਜ ਕਾਰਜ ਪੰਜਾਬੀ ਸਾਹਿਤ ਵਿੱਚ ਭਾਂਵੇ ਨਹੀਂ ਹੁੰਦਾ ਪਰ ਸਮਾਜ ਵਿਗਿਆਨਾਂ ਤੇ ਵਿਗਿਆਨ ਵਿੱਚ ਇਸ ਪੱਧਰ' ਤੇ ਵੀ ਖੋਜ ਕਾਰਜ ਕੀਤਾ ਜਾਂਦਾ ਹੈ।ਇਥੇ ਵਿਦਿਆਰਥੀ ਤੋਂ ਕਿਸੇ ਖੋਜ ਵਿਧੀ ਅਨੁਸਾਰ ਕੰਮ ਕਰਨ ਦੀ ਆਸ ਨਹੀਂ ਕੀਤੀ ਜਾ ਸਕਦੀ।ਵਿਦਿਆਰਥੀ ਆਪਣੇ ਸਿਲੇਬਸ ਵਿਚੋਂ ਹੀ ਕਿਸੇ ਨਾ ਕਿਸੇ ਵਿਸ਼ੇ ਤੇ ਅਧਿਆਪਕ ਦੁਆਰਾ ਦੱਸੇ ਵਿਚਾਰਾਂ ਨੂੰ ਜਾਂ ਪਾਠ-ਪੁਸਤਕ ਦੇ ਅਧਾਰ ਤੇ ਇੱਕ ਸੰਗਠਨ ਵਿੱਚ ਬੰਨ੍ਹਦਾ ਹੈ।ਪੰਜਾਬੀ ਸਾਹਿਤ ਵਿੱਚ ਖੋਜ ਦਾ ਪਹਿਲਾ ਪੱਧਰ ਪੋਸਟ ਗਰੈਜੂਏਸ਼ਨ ਤੋਂ ਹੀ ਆਰੰਭ ਹੁੰਦਾ ਹੈ।ਐਮ.ਏ.ਵਿੱਚ ਵਿਦਿਆਰਥੀਆਂ ਨੂੰ ਸਿਲੇਬਸ ਨਾਲ ਸੰਬੰਧਤ ਕਿਸੇ ਵਿਸ਼ੇ ਉੱਪਰ ਸੈਮੀਨਾਰ ਲਿਖਣ ਲਈ ਕਿਹਾ ਜਾਂਦਾ ਹੈ।ਵਿਦਿਆਰਥੀ ਕੋਲੋਂ ਕਿਸੇ ਨਵੇਂ ਤੱਥ ਨੂੰ ਸਾਹਮਣੇ ਲਿਆਉਣ ਦੀ ਮੰਗ ਨਹੀਂ ਕੀਤੀ ਜਾਂਦੀ।ਉਸਨੇ ਸਿਰਫ ਵਿਚਾਰਾਂ ਨੂੰ ਸੰਗਟਿਤ ਰੂਪ ਵਿੱਚ ਹੀ ਪ੍ਰਸਤੁਤ

ਕਰਨਾ ਹੁੰਦਾ ਹੈ ਪਰ ਸੈਮੀਨਾਰ ਨਾਲ ਸੰਬੰਧਿਤ ਵਿਸ਼ੇ ਬਾਰੇ ਉਹ ਸਾਰੇ ਅਹਿਮ ਨੁਕਤੇ ਜਿਹਨਾਂ ਬਾਰੇ ਬਹਿ ਤੇ ਦਲੀਲਾਂ ਦੇ ਅਧਾਰ ਤੇ ਪਰਖ, ਪੜਚੋਲ ਕੀਤੀ ਜਾ ਸਕਦੀ ਹੋਵੇ, ਸਾਹਮਣੇ ਲਿਆਉਣੇ ਲਾਜ਼ਮੀ ਹਨ।ਮੁੱਢਲੀ ਤੇ ਪਹਿਲੀ ਪੱਧਰ ਦਾ ਖੋਜ ਪੱਤਰ ਹੋਣ ਕਾਰਨ ਇਹਨਾਂ ਵਿੱਚ ਆਲੋਚਨਾ ਅਤੇ ਖੋਜ ਦੇ ਤੱਤ ਰਲਗੱਡ ਹੋਏ ਹੁੰਦੇ ਹਨ।ਇਸ ਪੱਧਰ ਤੇ ਵਿਦਿਆਰਥੀ ਲਏ ਗਏ ਵਿਸ਼ੇ ਬਾਰੇ ਕੋਈ ਨਿੱਜੀ ਤੇ ਸੁਤੰਤਰ ਰਾਏ ਨਹੀਂ ਪੇਸ਼ ਕਰਦਾ ਸਗੋਂ ਸਹਾਇਕ ਪੁਸਤਕਾਂ ਵਿੱਚੋਂ ਪੜ੍ਹ ਕੇ ਵਿਚਾਰਾਂ ਨੂੰ ਦਿਕ ਬੱਝਵੇਂ ਸੰਗਠਨ ਵਿੱਚ ਪ੍ਰਸਤੁਤ ਕਰਦਾ ਹੈ।ਅਜਿਹੇ ਪੱਤਰ ਸਧਾਰਨ ਤੌਰ ਤੇ 1500 ਤੋਂ 2500 ਸ਼ਬਦਾਂ ਤਪ ਦੇ ਹੋਣੇ ਚਾਹੀਦੇ ਹਨ।[5]

ਉਪਰਾਲੇ ਵਿਚਾਰ ਨੂੰ ਡਾ. ਪਿਆਰ ਸਿੰਘ ਰੱਦ ਹੋਦਿਆਂ ਕਹਿੰਦਾ ਹੈ ਕਿ:

> ਅਜਿਹੇ ਪੱਤਰ ਦਾ ਆਕਾਰ ਜੇਕਰ ਇਸ ਨੇ ਸਹੀ ਅਰਥਾਂ ਵਿੱਚ ਖੋਜ ਪੱਤਰ ਬਣਨਾ ਹੈ ਤਾਂ 20 ਤੋਂ 20 ਸਫੇ ਤਕ ਦਾ ਹੋਣਾ ਚਾਹੀਦਾ ਹੈ।[6]
>
> ਖੋਜ ਪੱਤਰ ਦਾ ਆਕਾਰ ਕੋਈ ਨਿਸ਼ਚਿਤ ਨਹੀ ਹੈ।ਇਹ ਤਾਂ ਵਿਸ਼ੇ ਮੁਤਾਬਿਕ ਘੱਟ ਜਾਂ ਵੱਧ ਹੋ ਸਕਦਾ ਹੈ।

ਯੂਨੀਵਰਸਿਟੀਆਂ ਵੱਲੋਂ ਐਮ.ਏ. ਭਾਗ ਪਹਿਲਾਂ ਵਿੱਚੋਂ 55% ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਐਮ.ਏ. ਫਾਈਨਲ ਵਿੱਚ ਖੋਜ ਨਿਬੰਧ ਲਿਖਣ ਦੀ ਪ੍ਰਵਾਨਗੀ ਦੇ ਦਿੱਤੀ ਜਾਂਦੀ ਸੀ।ਇਹ ਖੋਜ ਨਿਬੰਧ ਆਮ ਕਰਕੇ ਖੋਜ ਵਿਧੀ ਮੁਤਾਬਿਕ ਲਿਖਿਆ ਜਾਂਦਾ ਹੈ।ਕੋਸ਼ਿਸ਼ ਇਹ ਕੀਤੀ ਜਾਂਦੀ ਹੈ ਕਿ ਵਿਸ਼ਾ ਅਜਿਹਾ ਹੋਵੇ ਜਿਸ ਦਾ ਘੇਰਾ ਬਹੁਤ ਵਿਸ਼ਾਲ ਨਾ ਹੋਵੇ ਤੇ ਸਹਾਇਕ ਸਮੱਗ੍ਰੀ ਸਥਾਨਕ ਵਸੀਲਿਆਂ ਤੋਂ ਪ੍ਰਾਪਤ ਹੋ ਸਕੇ।ਖੋਜ ਨਿਬੰਧ ਦਾ ਘੇਰਾ ਇੰਨਾ ਕੁ ਹੋਣਾ ਚਾਹੀਦਾ ਹੈ ਜੋ ਸਿਰਫ਼ ਦੋ ਜਾਂ ਤਿੰਨ ਮਹੀਨਿਆਂ ਵਿੱਚ ਸਮੇਟਿਆ ਜਾ ਸਕੇ।ਇਸ ਪੱਧਰ ਤੇ ਵੀ ਵਿਦਿਆਰਥੀ ਕੋਲੋਂ ਕੁਝ ਨਵੇਂ ਤੱਥਾਂ ਜਾਂ ਵਿਚਾਰਾਂ ਦੀ ਕੋਈ ਬਹੁਤੀ ਆਸ ਨਹੀਂ ਕੀਤੀ ਜਾਂਦੀ ਪਰ ਇਹ ਲਾਜ਼ਮੀ ਹੈ ਕਿ ਜਿਹੜਾ ਵਿਸ਼ਾ ਚੁਣਿਆ ਗਿਆ ਹੋਵੇ,ਉਸ ਬਾਰੇ ਜੋ ਕੁਝ ਹੁਣ ਤੱਕ ਲਿਖਿਆ, ਛਿਪਿਆ ਹੈ, ਪੁਸਤਕਾਲਿਆਂ ਵਿੱਚੋਂ ਉਪਲਬਧ ਹੈ,ਜੋ ਉਸਤਾਦਾਂ ਕੋਲੋ ਜਾਣਿਆ ਜਾ ਸਕਦਾ ਹੈ ਉਹ ਪ੍ਰਾਪਤ ਕਰਕੇ ਵਿਗਿਆਨਕ ਖੋਜ ਵਿਧੀ ਮੁਤਾਬਕ ਪ੍ਰਸਤੁਤ ਕੀਤਾ ਜਾਵੇ।ਇਸ ਪੱਧਰ ਤੇ ਖੋਜਾਰਥੀ ਨੂੰ ਆਪਣੇ ਵਿਸ਼ੇ ਨਾਲ; ਸੰਬੰਧਿਤ ਉਭਰ ਸਕਦੇ ਨੁਕਤਿਆਂ ਬਾਰੇ ਆਪਣੀ ਰਾਏ ਬਣਾ ਆਪਣੇ ਵਿਸ਼ੇ ਬਾਰੇ ਵਾਦ-ਵਿਵਾਦ ਕਰ ਸਕਦਾ ਹੈ।ਇਸ ਕਰਕੇ ਵਿਦਿਆਰਥੀ ਨੂੰ ਆਪਣੇ ਵਿਸ਼ੇ ਨਾਲ ਸੰਬੰਧਿਤ ਅਹਿਮ ਨੁਕਤਿਅਤ ਬਾਰੇ ਭਰਪੂਰ ਜਾਣਕਾਰੀ ਹੋਣੀ ਜ਼ਰੂਰੀ ਹੈ।ਸੈਮੀਨਾਰ ਜੋ ਐਮ.ਏ. ਵਿੱਚ ਲਿਖੇ ਜਾਂਦੇ ਹਨ ਦੇ ਆਕਾਰ ਵਾਂਗ ਜੀ ਖੋਜ -ਨਿਬੰਧ ਦੇ ਅਕਾਰ ਵਾਂਗ ਹੀ ਖੋਜ-ਨਿਬੰਧ ਦੇ ਆਕਾਰ ਬਾਰੇ ਕੋਈ ਟੁੱਕ ਫੈਂਸਲਾ ਨਹੀਂ ਕੀਤਾ ਜਾ ਸਕਦਾ।

ਇਹ ਨਿਬੰਧ ਸਾਂਧਾਰਣ ਰੂਪ ਵਿੱਚ 5,000 ਤੋਂ 7,000 ਸ਼ਬਦਾਂ ਤੱਕ ਹੋਣਾ ਚਾਹੀਦਾ ਹੈ।[7]

5,000 ਤੌਂ 7,000 ਸ਼ਬਦਾਂ ਤੱਕ ਦਾ ਖੋਜ ਨਿਬੰਧ 17 ਤੋਂ 24 ਸਫ਼ਿਆਂ ਦਾ ਬਣਦਾ ਹੈ,ਜੋ ਕਿਸੇ ਸੂਰਤ ਵਿੱਚ ਵੀ ਪ੍ਰਵਾਨ ਕਰਨ ਯੋਗ ਨਹੀਂ ਹੈ ਤੇ ਨਾ ਹੀ ਇੰਨੇ ਪੰਨਿਆਂ ਦਾ ਖੋਜ ਨਿਬੰਧ ਐਮ.ਏ. ਦੀ ਪਰੀਖਿਆ ਲਈ ਸਵੀਕਾਰ ਹੀ ਹੋਇਆ ਹੈ।ਇਹ ਆਕਾਰ ਹਰ ਹਾਲਤ ਵਿੱਚ 80 ਤੋਂ 100 ਪੰਨਿਆਂ ਦਾ ਹੋਣਾ ਚਾਹੀਦਾ ਹੈ।[8]

ਇਹ ਖੋਜ-ਨਿਬੰਧ ਦਾ ਆਕਾਰ ਵੀ ਵਿਸ਼ੇ ਮੁਤਾਬਕ ਘੱਟ ਜਾ ਵੱਧ ਹੋ ਸਕਦਾ ਹੈ।ਐਮ.ਏ. ਤੌਂ ਮਗਰੋਂ ਤੇ ਪੀ.ਐੱਚ.ਡੀ. ਤੋਂ ਪਹਿਲਾ ਕੁੱਝ ਯੂਨੀਵਰਸਿਟੀਆਂ ਵਿੱਚੋ ਐਮ. ਲਿਟ ਨਾ ਦਾ ਇਕ ਕੋਰਸ ਆਰੰਭ ਕੀਤਾ ਗਿਆ ਹੈ।ਇਸ ਵਿੱਚ ਵੀ ਖੋਜ ਨਿਬੰਧ ਲਿਖਵਾਇਆ ਜਾਂਦਾ ਹੈ।ਭਾਵੇਂ ਕਿ ਇਸ ਪੱਧਰ ਦੇ ਖੋਜ-ਕਾਰਜ ਦਾ ਮਨੋਰਥ ਖੋਜਾਰਥੀ ਨੂੰ ਪੀ.ਐੱਚ.ਡੀ. ਲਈ ਖੋਜ ਕਰਨ ਲਈ ਤਿਆਰ ਕਰਨਾ ਹੈ।ਭਾਵੇਂ ਕਿ ਐਮ.ਫਿਲ ਵਿਚ ਵੀ ਇਹ ਮਨੋਰਥ ਹੈ ਪਰ ਐਮ.ਲਿਟ ਦੀ ਪੱਧਰ ਤੇ ਇਹ ਕਾਰਜ ਤਿੰਨ ਕਿਸਮ ਦਾ ਹੈ। ਇਸ ਪੱਧਰ ਤੇ ਖੋਜ ਨਿਬੰਧ ਤਾਂ ਲਿਖਵਾਇਆ ਜਾਂਦਾ ਹੈ ਪਰ ਕਿਸੇ ਖੋਜ ਦੇ ਵਿਧੀ-ਵਿਧਾਨ ਬਾਰੇ ਵਿਸ਼ੇਸ਼ ਜਾਣਕਾਰੀ ਦੇਯ ਦਾ ਕੋਈ ਵਿਧਾਨ ਨਹੀਂ।1960 ਤੋਂ ਮਗਰੋਂ ਜਦੋਂ ਸਾਧਾਰਨ ਐਮ.ਏ. ਪਾਸ ਦੀ ਗਿਣਤੀ ਬਹੁਤ ਵੱਧ ਗਈ ਤਾਂ ਕਾਲਜਾਂ ਵਿੱਚ ਕਾਲਜ ਅਧਿਆਪਕ ਵਜੋਂ ਉਹਨਾਂ ਦੀ ਸਮਾਈ ਅਸੰਭਵ ਹੋ ਗਈ ਤਾਂ ਯੂਨੀਵਰਸਿਟੀਆਂ ਵੱਲੋਂ ਐਮ.ਫਿਲ. ਨਾਂ ਦਾ ਪੋਰਸ ਆਰੰਭ ਕੀਤਾ ਗਿਆ।ਕਾਲਜ ਅਧਿਆਪਕ ਲਈ ਇਹ ਡਿਗਰੀ ਪ੍ਰਾਪਤ ਕਰਨੀ ਜ਼ਰੂਰੀ ਕਰਾਰ ਕੀਤੀ ਗਈ।ਇਸ ਪੱਧਰ ਦੇ ਖੋਜ-ਕਾਰਜ ਵਿੱਚ ਖੋਜਾਰਥੀ ਲਈ ਵਿਗਿਆਨਿਕ ਲੀਹਾਂ ਤੇ ਚੱਲਣਾ ਆਵੱਸ਼ਕ ਹੁੰਦਾ ਹੈ।ਖੋਜ ਦੇ ਮੁੱਢਲੇ ਸੰਦਾਂ, ਖੋਜ ਦੀ ਭਿੰਨ-ਭਿੰਨ ਵਿਧੀਆਂ, ਖੋਜ ਦੇ ਸਿਧਾਂਤ , ਖੋਜ ਕਾਰਜ ਵਿੱਚ ਆਉਣ ਵਾਲੀਆਂ ਸਮੱਸਿਆਵਾਂ, ਖੋਜ ਦੀ ਮਹੱਤਤਾ ਆਦਿ ਬਾਰੇ ਪੂਰੀ-ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ।ਖੋਜ ਦੇ ਨਾਲ-ਨਾਲ ਆਲੋਚਨਾ ਦੀਆਂ ਵਿਭਿੰਨ ਪ੍ਰਣਾਲੀਆਂ, ਸੰਕਲਪਾਂ ਤੇ ਵਿਧੀਆਂ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ।

ਐਮ. ਫਿਲ ਦੇ ਦੌਰਾਨ ਖੋਜਾਰਥੀ ਕੋਲੋਂ ਤਿੰਨ ਟਰਮ-ਪੇਪਰ ਤੇ ਇੱਕ ਖੋਜ ਨਿਬੰਧ ਲਿਖਵਾਇਆ ਜਾਂਦਾ ਹੈ।ਹਿੰਦੀ ਸਾਹਿਤ ਵਿੱਚ ਟਰਮ ਪੇਪਰ ਤੋਂ ਪਹਿਲਾਂ ਟਾਸਕ-ਪੇਪਰ ਲਿਖਵਾਏ ਜਾਂਦੇ ਹਨ।ਟਾਸਕ ਪੇਪਰਾਂ ਨੂੰ ਅਭਿਆਸੀ ਪਰਚੇ ਕਿਹਾ ਜਾ ਸਕਦਾ ਹੈ।ਐਮ. ਫਿਲ ਦੇ ਪਹਿਲੇ ਖੰਡ ਵਿੱਚ ਟਾਸਕ-ਪੇਪਰ ਤੇ ਟਰਮ -ਪੇਪਰ ਲਿਖਵਾਏ ਜਾਂਦੇ ਹਨ।ਇਹਨਾਂ ਦਾ ਉਦੇਸ਼ ਖੋਜ ਵਿਧੀ ਬਾਰੇ ਜਾਣਕਾਰੀ ਦੇਣਾ ਤੇ ਲਿਖਣ ਦਾ ਅਭਿਆਸ ਕਰਵਾਉਣਾ ਹੁੰਦਾ ਹੈ। ਇਸ ਪੱਧਰ ਤੇ ਖੋਜਾਰਥੀ ਕੋਲੋਂ ਖੋਜ-ਵਿਧੀ ਨਿਭਾਉਣ ਦੀ ਆਸ ਕੀਤੀ ਜਾਂਦੀ ਹੈ।ਜਿਸ ਵਿੱਚ ਸੰਦਰਭ ਪੁਸਤਕਾਂ ਦੀ ਸਹੀ ਚੋਂ ਪੁਸਤਕ ਸੂਚੀ ਦੀ ਤਿਆਰੀ,ਵਿਸ਼ੇ ਨਾਲ ਸੰਬੰਧਿਤ ਸਮੱਗ੍ਰੀ ਦਾ ਇਕੱਤੀਕਰਣ, ਪੈਰ ਟਿਪਣੀਆਂ, ਟੂਕਾਂ ਦੇਣ ਦਾ ਤਰੀਕਾ,ਪ੍ਰਾਪਤ ਸਮੱਗ੍ਰੀ ਦਾ ਤਾਰਕਿਕ ਸੰਗਠਨ ਆਦਿ ਗੱਲਾਂ ਦਾ ਨਿਭਾਉਣਾ ਜ਼ਰੂਰੀ ਹੁੰਦਾ ਹੈ।ਟਰਮ-ਪੇਪਰ ਦਾ ਵਿਸ਼ਾ ਪਾਠ ਸਮੱਗ੍ਰੀ ਨਾਲ ਸੰਬੰਧਿਤ ਹੀ ਹੁੰਦਾ ਹੈ।

ਟਰਮ-ਪੇਪਰ ਤੋਂ ਮਗਰੋਂ ਐਮ.ਫਿਲ ਲਈ ਖੋਜ-ਨਿਬੰਧ ਲਿਖਿਆ ਜਾਂਦਾ ਹੈ।ਇਸ ਪੱਧਰ ਤੇ ਵਿਦਿਆਰਥੀ ਲਈ ਖੋਜ ਦੇ ਵਿਭਿੰਨ ਤਰੀਕਿਆਂ ਨੂੰ ਨਿਭਾਉਣਾ ਲਾਜ਼ਮੀ ਹੁੰਦਾ ਹੈ।ਸੰਬੰਧਤ ਵਿਸ਼ੇ ਬਾਰੇ ਖੋਜ-ਨਿਬੰਧ ਵਿੱਚ ਖੋਜਾਰਥੀ ਕੋਲੋਂ ਭਰਪੂਰ ਚਰਚਾ ਦੀ ਮੰਗ ਕੀਤੀ ਜਾਂਦੀ

ਹੈ।ਵਿਸ਼ੇ ਦੇ ਹਰ ਪੱਖ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ।ਭੂਮਿਕਾ ਤੋਂ ਲੈ ਕੇ ਉਪਸੰਹਾਰ ਅਰਥਾਤ ਆਦਿ ਤੋਂ ਲੈ ਕੇ ਅੰਤ ਖੋਜ ਵਿਧੀ ਭਲੀ-ਭਾਂਤ ਨਿਭਾਣੀ ਜਾਣੀ ਚਾਹੀਦੀ ਹੈ।ਐਮ.ਫਿਲ ਦੇ ਖੋਜ-ਨਿਬੰਧ ਵਿੱਚ ਵਿਦਿਆਰਥੀ ਕੋਲੋਂ ਨਵੇਂ ਤੱਥਾਂ ਨੂੰ ਸਾਹਮਣੇ ਲਿਆਉਣਾ ਜਾ ਪੁਰਾਣੇ ਵਿਚਾਰਾਂ ਨੂੰ ਨਵਾਂ ਮੋੜ ਦੇਣ ਦੀ ਆਸ ਕੀਤੀ ਜਾਂਦੀ ਹੈ।ਐਮ.ਫਿਲ ਦੇ ਖੋਜ-ਨਿਬੰਧ ਦਾ ਵਿਸ਼ਾ ਅਜਿਹੀ ਦ੍ਰਿਸ਼ਟੀ ਤੋਂ ਚੁਣਨਾ ਚਾਹੀਦਾ ਹੈ ਜੋ ਅਗਲੇਰੀ ਪੱਧਰ ਦੇ ਖੋਜ -ਕਾਰਜ ਭਾਵ ਕਿ ਪੀਐੱਚ.ਡੀ. ਲਈ ਸਹਾਇਕ ਹੋ ਸਕੇ।

ਖੋਜ ਦਾ ਅਗਲਾ ਪੱਧਰ ਉਚੇਰਾ, ਵਿਤ੍ਰਿਤ ਤੇ ਲਿਖਰਵਾਂ ਹੂ ਜੋ ਮਿਹਨਤ ਤੇ ਸਮੇਂ ਦੀ ਮੰਗ ਕਰਦਾ ਹੈ।ਖੋਜ ਵਿਸ਼ੇ ਦਾ ਘੇਰਾ ਵਧੇਰੇ ਚੌੜੇਰਾ ਹੁੰਦਾ ਹੈ ਤੇ ਮੌਲਿਕਤਾ ਇਸ ਦਾ ਪ੍ਰਥਮ ਲੱਛਣ ਹੈ।ਇਸ ਪੱਧਰ ਤੇ ਆ ਕੇ ਝੋਜਾਰਥੀ ਨੇ ਆਪਣਾ ਮਨ ਖੋਜ ਦੀ ਪ੍ਰਕਿਰਿਆ ਨਾਲ ਜੋੜ ਕੇ ਨਿਰਣੇ-ਜਨਕ ਸਿੱਟਿਆਂ ਦੀ ਪ੍ਰਾਪਤੀ ਤੇਸੱਚ ਤੱਕ ਦੀ ਯਾਤਰਾ ਕਰਨੀ ਹੁੰਦੀ ਹੈ।ਖੋਜਾਰਥੀ ਦੂਸਰੇ ਵਿਦਵਾਨਾਂ ਦੀਆਂ ਦਲੀਲਾਂ ਨੂੰ ਆਪਣੇ ਮੱਤ ਦੇ ਖੰਡਨ ਜਾਂ ਮੰਡਨ ਲਈ ਵਰਤਦਾ ਹੈ, ਐਂਵੇ ਟੂਕਾਂ ਦੇ ਦਿਖਾਵੇ ਲਈ ਨਹੀਂ।ਖੋਜਾਰਥੀ ਤੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਉਹ ਆਪਣਾ ਨਿੱਜੀ ਸੁਤੰਤਰ ਮੱਤ ਬਣਾਵੇ।ਇਹੋ ਜਿਹੀ ਖੋਜ ਵਿੱਚ ਆਪਣੇ ਵਿਸ਼ੇ ਬਾਰੇ ਅਣਗੌਲੇ ਪੱਖਾਂ ਬਾਰੇ ਚਰਚਾ ਕਰਦਿਆਂ ਆਪਣੀਆਂ ਦਲੀਲਾਂ ਰਾਂਹੀ ਉਸ ਦੀ ਪੁਸ਼ਟੀ ਕਰਦਾ ਹੈ।ਪੀ.ਐਚ.ਡੀ.ਦੇ ਪੱਧਰ ਦੀ ਖੋਜ ਵਿੱਚ ਜਾਣਕਾਰੀ ਵਾਧਾ ਕਰਨ, ਨਵੈਂ ਤੱਥਾਂ ਦੀ ਲੱਭਤ, ਨਵੇਂ ਅਰਥਾਂ ਦੀ ਪ੍ਰਕਾਅਨਾ ਆਦਿ ਹੀ ਬੁਨਿਆਦੀ ੰਗਟ ਹੁੰਦੀ ਹੈ।ਇਸ ਕਰਕੇ ਖੋਜਾਰਥੀ ਦੀ ਸੋਚ ਬਹੁ-ਪਸਾਰੀ ਤੇ ਲੰਮੇਰੀ ਹੋਣੀ ਜ਼ਰੂਰੀ ਹੈ।ਨਵੇਂ ਸਿੱਟਿਆਂ ਦਾ ਨਿਰਮਾਣ ਨਿਗਿਆਨਕ ਬਿਰਤੀ ਤੋਂ ਕਰਨਾ ਹੁੰਦਾ ਹੈ।ਸਿੱਟੇ ਵਿਗਿਆਨਕ ਹੋਣੇ ਚਾਹੀਦੇ ਹਨ,ਜਿਸ ਤੋਂ ਭਾਵ ਇਹ ਹੈ ਕਿ ਇਕ ਸੂਝਵਾਨ ਖੋਜੀ ਨੇ ਦੱਸੀ ਪ੍ਰਣਾਲੀ ਅਨੁਸਾਰ ਚੱਲ ਕੇ ਇਹ ਸਿੱਧ ਕਰਨਾ ਹੁੰਦਾ ਹੈ ਕਿ ਆਪਣੇ ਵਿਸ਼ੇ ਦੇ ਪੱਖ ਵਿੱਚ ਬਣਾਈਆਂ ਦਲਲਿਾਂ, ਪ੍ਰਮਾਣ, ਸ਼ਾਹਦੀਆਂ ਭਰੋਸੇਯੋਗ ਹਨ।ਨਾ ਕਿ ਭੌਤਿਕ ਵਿਗਿਆਨ ਵਾਂਗ ਨਿਕਲੇ ਸਿੱਟਿਆਂ ਤੋਂ ਹੈ:

> ਸਾਹਿਤਿਕ ਖੋਜ ਲਈ ਵਿਗਿਆਨਕ ਬਿਰਤੀ ਦੀ ਲੋੜ ਹੈ, ਪਰ ਇਹ ਨਿਗਿਆਨਕ ਨਹੀਂ, ਵਿਗਿਆਨਕ ਵਾਂਗ ਹੀ ਸਾਹਤਕ ਖੋਜ ਤੱਥ ਅਧਾਰਿਤ ਹੈ, ਤੋ ਹੋਣੀ ਚਾਹੀਦੀ ਹੈ।ਸਾਹਿਤਕ ਖੋਜ ਵਾਂਗ ਹੀ ਆਪਣੇ ਸੱਭਿਆਚਾਰਕ ਅਤੀਤ ਪ੍ਰਤੀ ਜ਼ਿੰਮੇਵਾਰੀ ਇਤਨੀ ਪੱਕੀ ਤੇ ਵੱਡੀ ਹੈ ਕਿ ਇਹ ਨਿਰੋਲ ਵਿਗਿਆਨਕ ਬਣਨ ਦਾ ਤਾਂ ਸੁਪਨਾ ਵੀ ਨਹੀਂ ਲੈ ਸਕਦੀ।[9]

ਇਸ ਤਰ੍ਹਾਂ ਸਾਹਿਤਕ ਵਿਗਿਆਨ ਨਾ ਹੋ ਕਿ ਵਿਗਿਆਨ ਬਿਰਤੀ ਵਾਲੀ ਹੁੰਦੀ ਹੈ।ਜਿਸਦੀ ਮੰਗ ਪੀ.ਐੱਚ.ਡੀ ਦੇ ਪੱਧਰ ਤੇ ਖੋਜ ਕਾਰਜ ਕਰਦੇ ਹੋਏ ਖੋਜਾਰਥੀ ਤੋਂ ਕੀਤੀ ਜਾਂਦੀ ਹੈ।

ਪੀ.ਐੱਚ.ਡੀ. ਤੋਂ ਬਾਅਦ ਖੋਜ ਕਾਰਜ ਦਾ ਉਚੇਰਾ ਪੱਧਰ ਡੀ.ਲਿਟ ਲਈ ਲਿਖੇ ਖੋਜ-ਪ੍ਰਬੰਧ ਦੇ ਰੂਪ ਵਿੱਚ ਪ੍ਰਵਾਨਤ ਹੈ।ਇਹ ਡਿਗਰੀ ਸਿਰਫ ਕੁੱਝ ਇਕ ਯੂਨੀਵਰਸਿਟੀਆਂ ਵਿੱਚ ਹੀ ਲੈਣ ਦੀ ਗੁੰਜ਼ਾਇਸ਼ ਹੈ। ਇਸ ਡਿਗਰੀ ਲਈ ਖੋਜਾਰਥੀ ਨੂੰ ਕਿਸੇ ਵਿਸ਼ੇ ਡੂੰਘੀ ਮੁਹਾਰਤ ਪ੍ਰਾਪਤ ਕਰਕੇ ਖੋਜ-ਕਾਰਜ ਲਈ ਪ੍ਰਵਿਰਤ ਕਰਨੀ ਹੁੰਦਾ ਹੈ।ਪੰਜਾਬੀ ਵਿੱਚ ਅਜੇ ਤਕ ਇਸ ਪੱਧਰ ਦੀ ਖੋਜ ਦੀ ਪਿਰਤ ਨਹੀਂ ਪਈ। ਇਹ ਡਿਗਰੀ ਸਿਰਫ ਸਨਮਾਨ ਵਜੋਂ ਹੀ ਭੇਂਟ ਕੀਤੀ ਜਾਂਦੀ ਹੈ।ਇਸ ਪੱਧਰ ਨੂੰ ਡਾ.ਮੋਹਨ ਸਿੰਘ ਦੀਵਾਨਾ ਨੇ ਹੀ ਪਾਸ ਕੀਤਾ ਹੈ।ਹੁਣ ਉਚੇਰੀ ਵਿੱਦਿਆ ਦੀ ਪ੍ਰਾਪਤੀ ਦੀ ਰੀਝ ਤੇ ਖੋਜ ਬਿਰਤੀ ਦੀ ਤੇਜ਼ ਦੌੜ ਹੋਣ ਕਾਰਨ ਇਸ ਪੱਧਰ ਦਾ ਖੋਜ-ਕਾਰਜ ਹੋਣ ਦੀਆਂ ਸੰਭਾਵਨਾਵਾਂ ਕਾਫੀ ਹੋ ਸਕਦੀਆਂ ਹਨ।ਇਸ ਪੱਧਰ ਤੇ ਖੋਜ -ਕਾਰਜ ਵਿੱਚ ਮੌਲਿਕਤਾ ਦਾ ਅੰਸ਼ ਬਲਵਾਨ ਹੁੰਦਾ ਹੈ।ਇਹ ਮੌਲਿਕਤਾ ਉਪਜਦੀ ਘੱਟ ਤੇ ਵਿਚਾਰਾਂ ਵਿੱਚ ਗਾਹੜੇਪਣ, ਤਾਜ਼ੇਪਣ ਤੇ ਉਹਨਾਂ ਦੇ ਤਤਕਾਲੀ ਪ੍ਰਭਾਵਾਂ ਬਾਰੇ ਵਿਗਿਆਨਕ ਅਤਿਅਤਰੇ ਉੱਤੇ ਜ਼ਿਆਦਾ ਨਿਰਭਰ ਕਰਦੀ ਹੈ।ਅਜਿਹੀ ਮੌਲਿਕਤਾ ਦੀ ਪਕੜ ਅਨੁਭਵ ਦੀ ਸਮੁੱਚ ਤੇ ਵਰਨਣ ਦੀ ਇਮਾਨਦਾਰੀ ਆਸਰੇ ਉਪਜਦੀ ਹੈ। ਆਕਾਰ ਦਾ ਪ੍ਰਸ਼ਨ ਦੁਜੈਲਾ ਹੈ, ਪ੍ਰਥਮ ਮਹੱਤਤਾ ਸਾਰਥਕ ਤੇ ਵਿਗਿਆਨਕ ਸਿੱਟਿਆਂ ਦੀ ਹੈ।

ਖੋਜ-ਕਾਰਜ ਵਿੱਚ ਉਪਰਲੇ ਪੱਧਰ ਖੋਜ ਦਾ ਵਿਸ਼ਲੇਸ਼ਣ, ਸੰਸਲੇਸ਼ਣ ਕਰਨ ਵਿੱਚ ਸਹਾਇਕ ਹੁੰਦੇ ਹਨ।ਇਹਨਾਂ ਪੱਧਰਾਂ ਤੇ ਕੀਤੇ ਗਏ ਕੰਮ ਤੋਂ ਇਹ ਸਿੱਟੇ ਨਿਕਲਦੇ ਹਨ ਕਿ ਪੰਜਾਬੀ ਜਗਤ ਨੇ ਇਸ ਖੋਜ-ਕਾਰਜ ਨੂੰ ਅਜੇ ਸੰਜੀਦਗੀ ਨਾਲ ਨਹੀਂ ਲਿਆ।ਖੋਜ-ਕਰਜ ਆਰੰਭ ਕਰਨ ਸਮੇਂ ਵਿਸ਼ੇ ਦੀ ਚੋਣ ਬਾਰੇ ਕੋਈ ਯਥਾਯੋਗ ਮਦਦ ਨਹੀਂ ਲਈ ਜਾਂਦੀ।ਬਹੁਤਾ ਕੰਮ ਅਟਕਲਾਂ, ਕਿਆਫਿਆਂ ਤੇ ਕਿਆਸ ਅਰਾਈਆਂ ਨਾਲ ਹੀ ਸਾਰ ਲਿਆ ਜਾਂਦਾ ਹੈ।ਪਹਿਲਾਂ ਪਹਿਲ ਲਿਖੇ ਗਏ ਖੋਜ-ਪ੍ਰਬੰਧ ਦੇ ਵਿਸ਼ੇ ਬਹੁਤੇ ਵਿਸਤ੍ਰਿਤ ਹੋਣ ਕਰਕੇ ਖੋਜ-ਕਾਰਜ ਬਹੁਤ ਡੂੰਘਾਈ ਵਿਚ ਨਹੀਂ ਹੋ ਸਕਿਆ।ਪਰ ਹੁਣ ਖੋਜ ਵਿਗਿਆਨਕ ਲੀਹਾਂ ਚੱਲਣ ਕਰਕੇ ਬਹੁ-ਪਸਾਰੀ ਤੇ ਬਹੁ-ਪੱਖੀ ਹੁੰਦੀ ਜਾ ਰਹੀ ਹੈ।ਤਕਨੀਕੀ ਤੇ ਖੋਜ ਵਿਧੀ ਦੇ ਪੱਖ ਤੋਂ ਕਾਫੀ ਸੁਧਾਰ ਆ ਰਿਹਾ ਹੈ।ਖੋਜ ਭਾਵੇਂ ਕਿਸੇ ਵੀ ਪੱਧਰ ਤੇ ਹੋਵੇ, ਇਸਦਾ ਗਤੀਸ਼ੀਲ ਹੋਣਾ ਤੱਥਾਂ ਦਾ ਇਕਤਰੀਕਰਣ ਤੇ ਸੱਚਾਈ ਪ੍ਰਾਪਤੀ ਵਿਗਿਆਨਕ ਲੀਹਾਂ ਤੇ ਚੱਲ ਕੇ ਕਰਨੀ ਲਾਜ਼ਮੀ ਹੈ।ਇਕ ਖੋਜਾਰਥੀ ਵੱਲੋਂ ਕੀਤਾ ਗਿਆ ਖੋਜ-ਕਾਰਜ ਅਜਿਹਾ ਹੋਣਾ ਚਾਹੀਦਾ ਹੈ, ਜੋ ਨਵੇਂ ਤੱਥਾਂ, ਨਵੀਆਂ ਉਪਬਧੀਆਂ, ਨਵੇਂ ਨੁਕਤਿਆਂ ਨੂੰ ਉਸਾਰੇ, ਪੁਰਾਣਿਆਂ ਨੂੰ ਨਵਾਂ ਮੋੜ ਦੇਵੇ ਤੇ ਉਸਦਾ ਇਹ ਕੰਮ ਭਵਿੱਖ ਦੇ ਖੋਜਾਰਥੀਆਂ ਲਈ ਬੁਨਿਆਦੀ ਖੋਜ ਸੰਦ ਦੇ ਰੂਪ ਵਿੱਚ ਸਹਾਇਕ ਹੋਏ ਤੇ ਭਵਿੱਖ ਲਈ ਮਾਰਗ-ਦਰਸ਼ਕ ਦਾ ਕੰਮ ਕਰੇ।

## ਹਵਾਲੇ ਤੇ ਟਿੱਪਣੀਆਂ

1. ਆਸ਼ਾ ਨੰਦ ਵੋਹਰਾ, 'ਖੋਜ:ਸਰੂਪ ਤੇ ਪ੍ਰਤੀਕਿਰਆ' 'ਖੋਜ ਪ੍ਰੱਤਿਕਾ,ਸਤੰਬਰ 1980.

2. "Research is the manipulation of things, concepts or symbols for the pupose og generalizing to extend, correct or verify knowledge whether that knowledge aids in the construction of theory or in the practice ofan art." Encyclopaedia of Social Sciences, Vols.XIII, XIV, p.330.

3. ਦੇਵਿੰਦਰ ਸਿੰਘ ਵਿਦਿਆਰਥੀ, ਪੰਜਾਬੀ ਵਿੱਚ ਖੋਜ ਸੰਭਾਵਨਾ ਤੇ ਸੇਧ,ਪੰਨਾ 14.

4. ਰਤਨ ਸਿੰਘ ਜੋਗੀ, 'ਪੁਰਾਤਨ ਹੱਥ ਲਿਖਤਾਂ ਦੀ ਖੋਜ ਤੇ ਸੰਪਾਦਨਾ' 'ਖੋਜ ਦਰਪਣ,ਜਨਵਰੀ 1975.

5. ਦੇਵਿੰਦਰ ਸਿੰਘ ਵਿਦਿਆਰਥੀ,ਪੰਜਾਬੀ ਵਿੱਚ ਖੋਜ ਸੰਭਾਵਨਾ ਤੇ ਸੇਧ,ਪੰਨਾ 21.

6. ਡਾ.ਪਿਆਰ ਸਿੰਘ, 'ਖੋਜ ਦੇ ਵਿਭਿੰਨ ਸਾਰ' 'ਖੋਜ ਦਰਪਣ,ਜਨਵਰੀ 1981,ਪੰਨਾ 11.

7. ਦੇਵਿੰਦਰ ਸਿੰਘ ਵਿਦਿਆਰਥੀ,ਪੰਜਾਬੀ ਵਿੱਚ ਖੋਜ ਸੰਭਾਵਨਾ ਤੇ ਸੇਧ,ਪੰਨਾ 21.

8. ਡਾ.ਪਿਆਰ ਸਿੰਘ, 'ਖੋਜ ਦੇ ਵਿਭਿੰਨ ਸਤਰ' 'ਖੋਜ ਦਰਪਣ,ਜਨਵਰੀ 1981,ਪੰਨਾ 11.

9. ਹਰਿਭਜਨ ਸਿੰਘ, 'ਖੋਜ ਵਿਦਿਆਰਥੀ ਤੇ ਨਿਗਾਰਨ' 'ਖੋਜ ਦਰਪ।ਣ,ਜਨਵਰੀ 1974.